## ਉੱਨਤ ਕਿਸਮਾਂ

**ਦੇਹਰਾਦੂਨ :** ਇਸ ਕਿਸਮ ਦੇ ਫ਼ਲ ਜੂਨ ਦੇ ਦੂਜੇ ਹਫ਼ਤੇ ਪੱਕ ਜਾਂਦੇ ਹਨ।ਇਸ ਦੇ ਗੁੱਦੇ ਅਤੇ ਬੀਜਾਂ ਦਾ ਅਨੁਪਾਤ 3.7:1 ਹੁੰਦਾ ਹੈ।

**ਕਲਕੱਤੀਆ :** ਇਸ ਕਿਸਮ ਦੇ ਫ਼ਲ ਜੂਨ ਦੇ ਤੀਜੇ ਹਫ਼ਤੇ ਪੱਕ ਜਾਂਦੇ ਹਨ। ਇਸ ਕਿਸਮ ਦੇ ਫ਼ਲ ਘੱਟ ਫਟਦੇ ਹਨ। ਇਸ ਦੇ ਗੁੱਦੇ ਅਤੇ ਗਿਟਕਾਂ ਦੀ ਅਨੁਪਾਤ 4.78:1 ਹੈ।

**ਸੀਡਲੈਸ ਲੇਟ :** ਇਸ ਦੇ ਫ਼ਲ ਜੂਨ ਦੇ ਤੀਜੇ ਹਫ਼ਤੇ ਪੱਕ ਜਾਂਦੇ ਹਨ।ਇਸ ਦੇ ਫ਼ਲ ਕਲਕੱਤੀਆ ਕਿਸਮ ਦੇ ਫ਼ਲਾਂ ਨਾਲੋਂ ਵਧੇਰੇ ਫਟਦੇ ਹਨ। ਇਸ ਵਿੱਚ ਬਹੁਤ ਸੁੱਕੜਾ ਜਿਹਾ ਬੀਜ ਹੁੰਦਾ ਹੈ ਅਤੇ ਫ਼ਲ ਵਿੱਚ ਗੁੱਦਾ ਬਹੁਤ ਜ਼ਿਆਦਾ ਹੁੰਦਾ ਹੈ। ਇਸ ਦੇ ਗੁੱਦੇ ਅਤੇ ਗਿਟਕਾ ਦੀ ਅਨੁਪਾਤ 28:1 ਹੁੰਦੀ ਹੈ।

### ਬਾਗ ਲਾਉਣ ਦਾ ਸਮਾਂ:

ਲੀਚੀ ਦਾ ਬਾਗ ਲਗਾਉਣ ਦਾ ਢੁੱਕਵਾਂ ਸਮਾਂ ਫਰਵਰੀ-ਮਾਰਚ ਜਾਂ ਅਗਸਤ-ਸਤੰਬਰ ਹੈ। ਲੀਚੀ ਦੇ ਬੂਟੇ ਅਸੀਂ 7.5 × 7.5 ਮੀਟਰ ਫਾਸਲੇ ਤੇ ਲਗਾਉਂਦੇ ਹਾਂ ਅਤੇ ਇਸ ਤਰ੍ਹਾਂ ਪ੍ਰਤੀ ਏਕੜ 72 ਬੂਟੇ ਲੱਗ ਸਕਦੇ ਹਨ।

### ਬੂਟਿਆਂ ਦੀ ਸਾਂਭ ਸੰਭਾਲ

**ਸਿੰਚਾਈ :** ਛੋਟੇ ਬੂਟਿਆਂ ਨੂੰ ਅਪ੍ਰੈਲ ਤੋਂ ਜੂਨ ਤੱਕ ਹਫ਼ਤੇ ਵਿੱਚ ਦੋ ਪਾਣੀਆਂ ਦੀ ਲੋੜ ਹੋ ਸਕਦੀ ਹੈ, ਜਦੋਂ ਕਿ ਸਰਦੀਆਂ ਵਿੱਚ ਹਫ਼ਤੇ ਵਿੱਚ ਇੱਕ ਪਾਣੀ ਕਾਫ਼ੀ ਹੁੰਦਾ ਹੈ।ਫ਼ਲ ਤੇ ਆਏ ਬੂਟਿਆਂ ਨੂੰ ਹਫ਼ਤੇ ਵਿੱਚ ਦੋ ਵਾਰ ਪਾਣੀ ਦੇਣ ਨਾਲ ਫ਼ਲ ਚੰਗੀ ਤਰ੍ਹਾਂ ਵਧਦੇ ਹਨ ਅਤੇ ਉਹ ਫੱਟਦੇ ਵੀ ਨਹੀਂ।

### ਖਾਦਾਂ ਦੀ ਵਰਤੋਂ

| ਉਮਰ(ਸਾਲ) | ਰੂੜੀ ਦੀ ਖਾਦ (ਕਿਲੋ/ਬੂਟਾ) | ਮਾਤਰਾ (ਗ੍ਰਾਮ/ਬੂਟਾ) | | |
|---|---|---|---|---|
| | | ਯੂਰੀਆ | ਸੁਪਰਫਾਸਫੇਟ | ਮਿਊਰੇਟ ਆਫ ਪੋਟਾਸ਼ |
| 1-3 | 10-20 | 150-500 | 200-600 | 60-150 |
| 4-6 | 25-40 | 500-1000 | 750-1250 | 200-300 |
| 7-10 | 40-50 | 1000-1500 | 1500-2000 | 300-500 |
| 10 ਤੋਂ ਉਤੇ | 60 | 1600 | 2250 | 600 |

ਰੂੜੀ ਦੀ ਖਾਦ, ਸੁਪਰਫਾਸਫੇਟ ਤੇ ਪੋਟਾਸ਼ ਦਸੰਬਰ ਵਿੱਚ ਪਾਉ।ਅੱਧੀ ਯੂਰੀਆ ਖਾਦ ਫਰਵਰੀ ਦੇ ਅੱਧ ਵਿੱਚ ਤੇ ਅੱਧੀ ਫਲ ਲੱਗਣ ਪਿੱਛੋਂ ਅਪ੍ਰੈਲ ਦੇ ਅੱਧ ਵਿੱਚ ਪਾਉ।

### ਬਾਗਾਂ ਵਿੱਚ ਹੋਰ ਫਸਲਾਂ ਦੀ ਕਾਸ਼ਤ

ਲੀਚੀ ਲੰਬੇ ਸਮੇ ਬਾਅਦ ਫ਼ਲ ਦੇਣ ਵਾਲਾ ਫ਼ਲ ਹੈ ਇਸ ਲਈ ਭਰਪੂਰ ਫ਼ਲ ਆਉਣ ਤੱਕ ਛੋਟੇ ਕੱਦ ਵਾਲੀਆਂ ਅੰਤਰ ਫ਼ਸਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਅੰਤਰ ਫ਼ਸਲ ਅਤੇ ਫ਼ਲਦਾਰ ਬੂਟਿਆਂ ਲਈ ਸਿੰਚਾਈ ਪ੍ਰਬੰਧ ਵੱਖਰਾ ਰੱਖੋ।ਛੇਤੀ ਫ਼ਲ ਦੇਣ ਵਾਲੇ ਫ਼ਲ ਜਿਵੇਂ ਕਿ ਆੜੂ, ਅਲੂਚਾ ਅਤੇ ਕਿੰਨੋ ਵੀ ਲੀਚੀ ਦੇ ਬਾਗ ਵਿੱਚ ਲਾਏ ਜਾ ਸਕਦੇ ਹਨ।ਜਦੋਂ ਲੀਚੀ ਦਾ ਬਾਗ ਭਰਵੀਂ ਆਮਦਨ ਦੇਣ ਲੱਗ ਪਵੇ ਉਸ ਵੇਲੇ ਇਹ ਫਿੱਲਰ ਪੌਦੇ ਪੁੱਟ ਦੇਣੇ ਚਾਹੀਦੇ ਹਨ।

**ਛੋਟੇ ਬੂਟਆਂ ਨੂੰ ਠੰਢ ਅਤੇ ਧੁੱਪ ਤੋਂ ਬਚਾਉਣਾ**

ਲੀਚੀ ਦੇ ਬੂਟੇ ਚਾਰ-ਪੰਜ ਸਾਲ ਤੱਕ ਕੋਰੇ ਅਤੇ ਗਰਮੀਆਂ ਦੀ ਲੂ ਤੋਂ ਬਚਾਉਣੇ ਜ਼ਰੂਰੀ ਹਨ।ਬੂਟਿਆਂ ਨੂੰ ਸਰਕੰਡੇ ਜਾਂ ਕਾਹੀ ਨਾਲ ਢੱਕ ਕੇ ਬਚਾਅ ਕੀਤਾ ਜਾ ਸਕਦਾ ਹੈ।ਬੂਟਿਆਂ ਦੇ ਚੌਗਿਰਦੇ ਜੰਤਰ ਬੀਜਣ ਨਾਲ ਵੀ ਬਚਾਅ ਹੋ ਜਾਂਦਾ ਹੈ।

**ਲੀਚੀ ਦੀ ਗਿਟਕ ਵਿੱਚ ਛੇਕ ਕਰਨ ਵਾਲੀ ਸੁੰਡੀ**

ਸੁੰਡੀ ਫ਼ਲ ਦੀ ਡੰਡੀ ਦੇ ਨੇੜੇ ਬਹੁਤ ਹੀ ਬਰੀਕ ਮੋਰੀ ਕਰਕੇ ਫ਼ਲ ਦੇ ਅੰਦਰ ਜਾ ਕੇ ਨੁਕਸਾਨ ਕਰਦੀ ਹੈ। ਹਮਲੇ ਵਾਲੇ ਫ਼ਲ ਖਾਣ ਦੇ ਯੋਗ ਨਹੀਂ ਰਹਿੰਦੇ।

**ਰੋਕਥਾਮ**

ਥੱਲੇ ਡਿੱਗੇ ਹੋਏ ਫ਼ਲਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਉ ਅਤੇ ਬਾਗ ਨੂੰ ਵਾਹ ਕੇ ਸਾਫ਼ ਰੱਖੋ। ਬਾਗਾਂ ਵਿੱਚ ਬੂਟਿਆਂ ਦੀਆਂ ਛਤਰੀਆਂ ਨੂੰ ਆਪਸ ਵਿੱਚ ਨਾ ਫੱਸਣ ਦਿਉ ਤਾ ਕਿ ਜ਼ਮੀਨ ਉਪਰ ਧੁੱਪ ਪੈਂਦੀ ਰਹੇ।